# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 98772-46588, +1 (418) 887-0162

Epaper World Punjabi Times | 31 ਦਸੰਬਰ 2023 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਵਰਲਡ ਪੰਜਾਬੀ ਟਾਈਮਜ਼ – ਨਵਾਂ ਵਰ੍ਹਾ 2024 ਮੁਬਾਰਕ




### ਭਾਰਤ ਨੇ ਕੈਨੇਡਾ ਵਿਚ ਦੋ ਨਵੇਂ ਕੌਂਸਲੇਟ ਖੋਲ੍ਹਣ ਦਾ ਐਲਾਨ

ਸਰੀ ਕਨੇਡਾ 31 ਦਸੰਬਰ : ਭਾਰਤ ਨੇ ਕੈਨੇਡਾ ਵਿਚ ਦੋ ਨਵੇਂ

ਵਰਲਡ ਪੰਜਾਬੀ ਟਾਈਮਜ਼

ਕੌਂਸਲੇਟ ਖੋਲ੍ਹਣ ਦਾ ਐਲਾਨ ਕੀਤਾ ਹੈ। ਇਹ ਦੂਤਾਵਾਸ ਨੋਵਾ ਸਕੋਸ਼ੀਆ ਖੇਤਰ ਲਈ ਮਿਸੀਸਾਗਾ ਅਤੇ ਹੈਲੀਫੈਕਸ ਵਿਚ ਖੋਲ੍ਹੇ ਜਾਣਗੇ। ਨਵੇਂ ਦੂਤਾਵਾਸ 1 ਜਨਵਰੀ 2024 ਤੋਂ ਕੰਮ ਕਰਨਾ ਸ਼ੁਰੂ ਕਰ ਦੇਣਗੇ।



ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ ਲਈ ਸਾਲ 2023 ਉਤਾਰ-ਚੜ੍ਹਾਅ ਨਾਲ ਭਰਿਆ ਰਿਹਾ। ਕੈਨੇਡਾ 'ਚ ਖ਼ਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੇ ਮਾਰੇ ਜਾਣ ਤੋਂ ਬਾਅਦ ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ 'ਚ ਤਣਾਅ ਦੀਆ ਕਈ ਖਬਰਾ ਰਹੀਆ ਹਨ। ਇਸ ਕੌਂਸਲੇਟ ਵਿਚ ਪਾਸਪੋਰਟ ਤੋਂ ਲੈ ਕੇ OCI ਤੱਕ ਸਾਰੀਆਂ ਸਹੂਲਤਾਂ ਇਨ੍ਹਾਂ ਕੇਂਦਰਾਂ 'ਤੇ ਉਪਲਬਧ ਹੋਣਗੀਆਂ। ਟੋਰਾਂਟੋ ਸਥਿਤ ਭਾਰਤੀ ਦੂਤਾਵਾਸ ਨੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਹੈ।




### ਜਸਪਾਲ ਸਿੰਘ ਦੇਸੂਵੀ, 'ਲਾਈਫ਼ ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ ਅਤੇ ਕਵੀ ਦਰਬਾਰ ਦਾ ਆਯੋਜਨ

ਮੁਹਾਲੀ 31 ਦਸੰਬਰ: ਕਵੀ ਮੰਚ (ਰਜਿ:) ਮੁਹਾਲੀ ਵੱਲੋਂ

ਵਰਲਡ ਪੰਜਾਬੀ ਟਾਈਮਜ਼
ਅੰਜੂ ਅਮਨਦੀਪ ਗਰੋਵਰ

ਸ਼ਿਵਾਲਿਕ ਪਬਲਿਕ ਸਕੂਲ ਫੇਜ਼-6 ਮੋਹਾਲੀ ਵਿਖੇ ਇੱਕ ਸ਼ਾਨਦਾਰ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਮੁੱਖ ਤੌਰ ਤੇ ਪ੍ਰਸਿੱਧ ਸਾਹਿਤਕਾਰ, ਧਾਰਮਿਕ ਵਿਅਕਤੀ, ਸਮਾਜ ਸੇਵੀ ਜਸਪਾਲ ਸਿੰਘ ਦੇਸੂਵੀ (ਕੈਨੇਡਾ) ਨੇ ਲਾਈਫ਼ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ਇਹ ਸਨਮਾਨ ਸਾਹਿਤ, ਧਾਰਮਿਕ ਤੇ ਸਮਾਜ ਸੇਵਾ ਦੇ ਤਿੰਨ ਖੇਤਰਾਂ ਵਿੱਚ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਪ੍ਰਦਾਨ ਕੀਤਾ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਬਲਕਾਰ ਸਿੰਘ ਸਿੱਧੂ ਨੈਸ਼ਨਲ ਐਵਾਰਡੀ ਸਨ ਜਦੋਂ ਕਿ ਪ੍ਰਧਾਨਗੀ ਉਸਤਾਦ ਸ਼ਾਇਰ ਸਿਰੀ ਰਾਮ ਅਰਸ਼ ਨੇ ਕੀਤੀ। ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਗੁਰਪ੍ਰੀਤ ਸਿੰਘ ਨਿਆਮੀਆਂ, ਸੀਨੀਅਰ ਪੱਤਰਕਾਰ ਜੱਗਬਾਣੀ, ਸਤਵਿੰਦਰ ਸਿੰਘ ਧੜਾਕ, ਸੀਨੀਅਰ ਪੱਤਰਕਾਰ ਜਾਗਰਣ ਤੋਂ ਇਲਾਵਾ ਭਗਤ ਰਾਮ ਰੰਗਾੜਾ ਪ੍ਰਧਾਨ ਕਵੀ ਮੰਚ ਅਤੇ ਡਾ. ਅਜੀਤ ਕੰਵਲ ਸਿੰਘ ਹਮਦਰਦ ਸ਼ਾਮਲ ਸਨ। ਮੁੱਖ ਮਹਿਮਾਨ ਅਤੇ ਪ੍ਰਧਾਨਗੀ ਮੰਡਲ ਵੱਲੋਂ ਜਸਪਾਲ ਸਿੰਘ ਦੇਸੂਵੀ (ਕੈਨੇਡਾ) ਨੂੰ ਇੱਕ ਮੋਮੈਂਟੋ, ਇੱਕ ਸ਼ਾਲ, ਸਨਮਾਨ ਪੱਤਰ, ਇੱਕ ਮੈਡਲ, ਪੁਸਤਕਾਂ ਦਾ ਸੈੱਟ ਅਤੇ ਕਿਰਪਾਨ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਜੀਤ ਕੰਵਲ ਸਿੰਘ ਹਮਦਰਦ ਸੰਪਾਦਕ ਹਮਦਰਦ ਮੀਡੀਆ (ਯੂ ਟਿਊਬ ਚੈਨਲ) ਨੂੰ ਵੀ ਉਨ੍ਹਾਂ ਦੀਆਂ ਸਾਹਿਤਕ ਤੇ ਸਮਾਜਿਕ ਸੇਵਾਵਾਂ ਲਈ ਸਨਮਾਨ ਪੱਤਰ, ਮੋਮੈਂਟੋ ਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ ਜਦ ਕਿ ਮਰਹੂਮ ਵਰਿਆਮ ਸਿੰਘ ਬਟਾਲਵੀ ਪ੍ਰਧਾਨ ਸਾਹਿਤਕ ਵਿੰਗ ਮੋਹਾਲੀ ਦੀ ਧਰਮ ਪਤਨੀ ਲਾਜਵੰਤ ਕੌਰ ਨੂੰ ਵੀ ਸ਼ਾਲ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ-ਨਾਲ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨਾਂ ਨੂੰ ਵੀ ਮੋਮੈਂਟੋ ਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਰਣਜੋਧ ਸਿੰਘ ਰਾਣਾ ਸੀਨੀਅਰ ਮੀਤ ਪ੍ਰਧਾਨ ਵੱਲੋਂ ਮੰਚ ਬਾਰੇ ਜਾਣ-ਪਛਾਣ ਕਰਵਾਈ ਅਤੇ ਨਾਲ ਹੀ ਆਪਣੀ ਨਵੇਲੀ ਰਚਨਾ ਨੂਰਾ ਮਾਹੀ ਸਰੋਤਿਆਂ ਨਾਲ ਸਾਂਝੀ ਕੀਤੀ। ਇਸ ਉਪਰੰਤ ਭਗਤ ਰਾਮ ਰੰਗਾੜਾ ਪ੍ਰਧਾਨ ਵੱਲੋਂ ਸਭ ਨੂੰ ਜੀ ਆਇਆਂ ਕਿਹਾ ਗਿਆ। ਮੁੱਖ ਮਹਿਮਾਨ ਬਲਕਾਰ ਸਿੰਘ ਸਿੱਧੂ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਮੰਚ ਵੱਲੋਂ ਸ਼ੁਰੂ ਕੀਤਾ ਗਿਆ 'ਲਾਈਫ਼ ਟਾਈਮ ਅਚੀਵਮੈਂਟ ਐਵਾਰਡ' ਨਿਵੇਕਲਾ ਕਦਮ ਹੈ ਜਦ ਕਿ ਵਿਸ਼ੇਸ਼ ਮਹਿਮਾਨਾਂ ਨੇ ਮੰਚ ਦੀਆਂ ਗਤੀਵਿਧੀਆਂ ਦੀ ਭਰਪੂਰ ਪ੍ਰਸੰਸਾ ਕੀਤੀ। ਛੋਟੇ ਬੱਚੇ ਹਰਨੂਰ ਸਿੰਘ ਕਾਹਲੋਂ ਤੇ ਦਿਲਪ੍ਰੀਤ ਸਿੰਘ ਕਾਹਲੋਂ ਨੇ ਆਪਣੀ ਕਲਾ ਦੇ ਜੌਹਰ ਦਿਖਾ ਕੇ ਸਰੋਤਿਆਂ ਦੇ ਮਨ ਮੋਹੇ। ਮੰਚ ਵੱਲੋਂ ਉਨ੍ਹਾਂ ਨੂੰ ਵੀ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ।



ਦੂਜੇ ਪੜਾਅ ਵਿੱਚ ਕਵੀ ਦਰਬਾਰ ਕੀਤਾ ਗਿਆ ਜਿਸ ਵਿੱਚ ਧਿਆਨ ਸਿੰਘ ਕਾਹਲੋਂ, ਅਜਮੇਰ ਸਾਗਰ, ਸ਼ਾਇਰਾ ਸਿਮਰ ਗਰੇਵਾਲ, ਵਿਮਲਾ ਗੁਗਲਾਨੀ, ਸੁਰਜੀਤ ਸਿੰਘ ਧੀਰ, ਪਿਆਰਾ ਸਿੰਘ ਰਾਹੀਂ, ਪ੍ਰਿੰ. ਬਹਾਦਰ ਸਿੰਘ ਗੋਸਲ, ਕਰਮਜੀਤ ਸਿੰਘ ਬੱਗਾ, ਬਲਜੀਤ ਸਿੰਘ ਫਿੱਡਿਆਂਵਾਲਾ, ਗੁਰਪ੍ਰੀਤ ਸਿੰਘ ਨਿਆਮੀਆਂ, ਸਤਵਿੰਦਰ ਸਿੰਘ ਧੜਾਕ, ਜਸਪਾਲ ਸਿੰਘ ਦੇਸੂਵੀ, ਬਾਬੂ ਰਾਮ ਦੀਵਾਨਾ, ਕ੍ਰਿਸ਼ਨ ਰਾਹੀ, ਵੇਦ ਪ੍ਰਕਾਸ਼ ਸ਼ਰਮਾ, ਅਜੀਤ ਕੰਵਲ ਸਿੰਘ ਹਮਦਰਦ, ਭਗਤ ਰਾਮ ਰੰਗਾੜਾ, ਰਾਜ ਕੁਮਾਰ ਸਾਹੋਵਾਲੀਆ, ਨਰਿੰਦਰ ਕੌਰ ਲੌਂਗੀਆ, ਕੀਰਤਜੋਤ ਸਿੰਘ, ਅਮਰਜੀਤ ਕੌਰ ਮੋਰਿੰਡਾ, ਭੁਪਿੰਦਰ ਸਿੰਘ ਭਾਗੋਮਾਜਰੀਆ, ਡਾ. ਪੰਨਾ ਲਾਲ ਮੁਸਤਫ਼ਾਬਾਦੀ, ਮਲਕੀਤ ਔਜਲਾ, ਮਹਿੰਗਾ ਸਿੰਘ ਕਲਸੀ, ਡਾ. ਰੇਨੂੰ, ਮੈਡਮ ਢਿੱਲੋਂ, ਮਨਜੀਤ ਸਿੰਘ ਮਝੈਲ, ਸੁਰਿੰਦਰ ਕੁਮਾਰ ਵਰਮਾ, ਸਤਵੀਰ ਕੌਰ, ਸਿਰੀ ਰਾਮ ਅਰਸ਼, ਵਰਿੰਦਰ ਸਿੰਘ ਚੱਠਾ, ਮੈਡਮ ਨੀਲਮ ਨਰੰਗ ਨੇ ਵੀ ਆਪੋ ਆਪਣੇ ਕਾਵਿਕ ਰੰਗ ਬਖੇਰਦਿਆਂ ਸਰੋਤਿਆਂ ਦੀਆਂ ਭਰਪੂਰ ਤਾੜੀਆਂ ਬਟੋਰੀਆਂ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਜਗਪਾਲ ਸਿੰਘ ਆਈ.ਏ.ਐਫ. (ਰਿਟਾ.), ਜਗਸੀਰ ਸਿੰਘ ਬਾਜ, ਮੰਦਰ ਸਿੰਘ ਗਿੱਲ ਸਾਹਿਬ ਚੰਦੀਆ, ਗੁਰਦਰਸ਼ਨ ਸਿੰਘ ਮਾਵੀ, ਹਰਿੰਦਰ ਸਿੰਘ ਦਰਦੀ, ਬਲਿਹਾਰ ਸਿੰਘ, ਜਸਵਿੰਦਰ ਸਿੰਘ, ਅਮਰੀਕ ਸਿੰਘ ਸੇਠੀ, ਸੁਖਵੀਰ ਸਿੰਘ ਮੋਹਾਲੀ, ਸਾਹਿਬਦੀਪ ਸਿੰਘ, ਮੋਹਨ ਸਿੰਘ, ਬਲਵੀਰ ਸਿੰਘ, ਮਨਦੀਪ ਗਿੱਲ ਧੜਾਕ, ਸਿਕੰਦਰ ਸਿੰਘ, ਹਰਪਾਲ ਸਿੰਘ, ਮਨਮੋਹਨ ਸਿੰਘ ਦਾਊਂ, ਨਰਿੰਦਰ ਸਿੰਘ, ਗੁਰਚਰਨ ਸਿੰਘ, ਲਾਭ ਸਿੰਘ ਲਹਿਲੀ, ਰਜਿੰਦਰ ਸਿੰਘ ਧੀਮਾਨ, ਲਾਜਵੰਤ ਕੌਰ, ਸ਼ਰਨਜੀਤ ਕੌਰ, ਸੋਨੀਆ, ਅਵਤਾਰ ਸਿੰਘ ਸੇਠੀ, ਰਾਜ ਕੁਮਾਰ ਚੌਧਰੀ ਆਦਿ ਨੇ ਲੰਬਾ ਸਮਾਂ ਹਾਜ਼ਰੀ ਭਰ ਕੇ ਚੰਗੇ ਸਰੋਤੇ ਹੋਣ ਦਾ ਸਬੂਤ ਦਿੱਤਾ। ਇਸ ਮੌਕੇ ਤੇ ਚਾਹ-ਪਾਣੀ ਤੇ ਖਾਣੇ ਦਾ ਵਧੀਆ ਪ੍ਰਬੰਧ ਸੀ। ਇਸ ਵੱਡ-ਅਕਾਰੀ ਪ੍ਰੋਗਰਾਮ ਦਾ ਮੰਚ ਸੰਚਾਲਨ ਰਾਜ ਕੁਮਾਰ ਸਾਹੋਵਾਲੀਆ ਜਨਰਲ ਸਕੱਤਰ ਨੇ ਬਾਖੂਬੀ ਨਿਭਾਇਆ। ਇਸ ਤਰ੍ਹਾਂ ਇਹ ਸਮਾਗਮ ਇੱਕ

### ਸਾਲ 2023 ਜਿੱਥੇ ਇਟਾਲੀਅਨ ਤੇ ਪ੍ਰਵਾਸੀਆਂ ਲਈ ਅਣਹੋਂਣੀਆਂ ਨਾਲ ਭਰਿਆ ਰਿਹਾ ਉੱਥੇ ਹੀ ਧਰਮ ਰਜਿਸਟਰਡ ਹੋਣ ਦੇ ਇਤਿਹਾਸਕ ਫੈਸਲੇ ਦੀ ਨਹੀਂ ਮੁੱਕੀ ਸਿੱਖ ਸੰਗਤ ਦੀ ਉਡੀਕ

ਰੋਮ(ਬਿਊਰੋ) 31 ਦਸੰਬਰ: ਸਾਲ 2023 ਭਾਰਤ ਇਟਲੀ ਦੇ ਵਾਪਰਕ ਸੰਬਧਤਾਂ ਦਾ 75ਵਾਂ ਸਾਲ ਦੋਨਾਂ ਦੇਸ਼ਾਂ ਦੀਆਂ ਸਰਕਾਰ ਨੇ

ਵਰਲਡ ਪੰਜਾਬੀ ਟਾਈਮਜ਼

ਗਹਿਗਚ ਹੋ ਇਸ ਵਰੇਗੰਢ ਨੂੰ ਮਨਾਇਆ।ਇਟਲੀ ਦੀ ਪ੍ਰਧਾਨ ਮੰਤਰੀ ਮੈਡਮ ਜੌਰਜੀਆ ਮੇਲੋਨੀ ਵਿਸ੍ਰੇਸ ਤੌਰ ਤੇ ਭਾਰਤ ਮਹਿਮਾਨ ਨਿਵਾਜੀ ਤੇ ਗਈ ਪਰ ਇਸ ਦੇ ਬਾਵਜੂਦ ਇਟਲੀ ਰਹਿਣ ਬਸੇਰਾ ਕਰਦੇ ਭਾਰਤੀਆਂ ਨੂੰ ਇਸ ਮਿਲਾਪ ਦਾ ਕੋਈ ਜ਼ਿਆਦਾ ਫਾਇਦਾ ਨਹੀਂ ਦਿਸਿਆ।ਇਹ ਸਾਲ ਪ੍ਰਵਾਸੀਆਂ ਲਈ ਮਾੜਾ ਹੀ ਮੰਨਿਆ ਜਾ ਸਕਦਾ ਹੈ ਕਿਉਂਕਿ ਫਰਵਰੀ ਵਿੱਚ 60 ਤੋਂ ਵੱਧ ਲੋਕਾਂ ਦੀ ਉਦੋਂ ਕਲਾਬਰੀਆ ਨੇੜੇ ਸਮੁੰਦਰ ਵਿੱਚ ਡੁੱਬਣ ਕਾਰਨ ਮੌਤ ਹੋ ਗਈ ਜਦੋਂ ਇੱਕ ਗੈਰ-ਕਾਨੂੰਨੀ ਪ੍ਰਵਾਸੀਆਂ ਨਾਲ ਖਚਾਖਚ ਭਰੀ ਕਿਸ਼ਤੀ ਜਿਹੜੀ ਤੁਰਕੀ ਤੋਂ 180 ਤੋਂ ਵਧੇਰੇ ਲੋਕਾਂ ਨੂੰ ਲੈਕੇ ਇਟਲੀ ਆ ਰਹੀ ਸੀ ਜਿਸ ਵਿੱਚ ਹੋਰ ਦੇਸ਼ਾਂ ਤੋਂ ਇਲਾਵਾ ਪਾਕਿਸਤਾਨ ਦੇ ਨਾਗਰਿਕ ਵੀ ਸ਼ਾਮਲ ਸਨ।ਗੈਰ-ਕਨੂੰਨੀ ਪ੍ਰਵਾਸੀ ਜਿਹੜੇ ਕਿ ਘਰ ਦੀ ਮਾੜੀ ਆਰਥਿਕਤਾ ਤੋਂ ਦੁੱਖੀ ਹੋ ਬਿਹਤਰ ਭੱਵਿਖ ਬਣਾਉਣ ਲਈ ਅਜਿਹੀ ਸਫ਼ਰ ਦੇ ਪਾਂਧੀ ਹੋ ਤੁਰਦੇ ਹਨ ਜਿਹੜਾ ਸਿਰਫ਼ ਉਹਨਾਂ ਨੂੰ ਸਿਰਫ਼ ਮੌਤ ਦੇ ਮੂੰਹ ਵਿੱਚ ਲੈ ਜਾਂਦਾ ਹੈ ।ਬੇਸ਼ੱਕ ਪਿਛਲੇ 10 ਸਾਲਾਂ ਵਿੱਚ ਸਮੁੰਦਰੀ ਰਾਸਤੇ ਯੂਰਪੀਅਨ ਦੇਸ਼ਾਂ ਵਿੱਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲੇ 26 ਹਜ਼ਾਰ ਮਜ਼ਬੂਰ ਗੈਰ-ਕਾਨੂੰਨੀ ਪ੍ਰਵਾਸੀਆਂ ਲਈ ਭੂ-ਮੱਧਰ ਸਾਗਰ ਕਾਲ ਬਣ ਚੁੱਕਾ ਹੈ ਪਰ ਇਸ ਦੇ ਬਾਵਜੂਦ ਇਹੀ ਮੌਤ ਦਾ ਸਫ਼ਰ ਅੱਜ ਵੀ ਜਾਰੀ ਹੈ ਸਾਲ 2023 ਵਿੱਚ ਵੀ ਸੈਂਕੜੇ ਲੋਕ ਇਸ ਸਫ਼ਰ ਰਾਹੀ ਦੁਨੀਆਂ ਤੋਂ ਰੁਖ਼ਸਤ ਹੋ ਗਏ।ਇਸ ਸਾਲ ਕੁਦਰਤੀ ਆਫ਼ਤਾਂ ਵੀ ਆਮ ਲੋਕਾਂ ਲਈ ਜਮਦੂਤ ਹੀ ਬਣਕੇ ਆਉਂਦੀਆਂ ਰਹੀਆਂ ।ਗਰੀਸ ਵਿੱਚ ਮਾਰਚ ਦੌਰਾਨ ਇੱਕ ਰੇਲ ਹਾਦਸੇ ਦੌਰਾਨ 36 ਤੋਂ ਵੱਧ ਲੋਕਾਂ ਦੀ ਮੌਤ ਦਾ ਦਰਦ ਉਹਨਾਂ ਦੇ ਪਰਿਵਾਰਾਂ ਨੂੰ ਕਦੀਂ ਵੀ ਨਹੀ ਭੁੱਲ ਸਕੇਗਾ।ਮਾਰਚ ਵਿੱਚ ਹੀ ਤੋਰੀਨੋ ਇਲਾਕੇ ਦੇ ਇੱਕ ਪਾਕਿਸਤਾਨ ਮੂਲ ਦੇ ਨੌਜਵਾਨ ਪੁੱਤਰ ਵੱਲੋਂ ਆਪਣੀ ਮਾਂ ਦਾ ਹਥੌੜਾ ਮਾਰ ਕੀਤਾ ਕਤਲ ਪੂਰੀ ਇਨਸਾਨੀਅਤ ਲਈ ਸ਼ਰਮਸਾਰ ਕਰਦੀ ਘਟਨਾ ਸੀ ਜਿਸ ਬਾਰੇ ਸੋਚ ਕਿ ਹੀ ਦਿਲ ਕੰਬ ਉੱਠਦਾ।ਇਸ ਸਾਲ ਮਈ ਵਿੱਚ ਕੁਦਰਤੀ ਆਫ਼ਤ ਹੜ੍ਹਾਂ ਨੇ ਇਟਲੀ ਦੇ ਇਮਿਲੀਆ ਰੋਮਾਨਾ ਸੂਬੇ ਦਾ ਅਰਬਾਂ ਯੂਰੋ ਨੁਕਸਾਨ ਕਰਨ ਦੇ ਨਾਲ ਕਈ ਲੋਕਾਂ ਨੂੰ ਮੌਤ ਦੇ ਘਾਟ ਵੀ ਉਤਾਰ ਦਿੱਤਾ।ਹਜ਼ਾਰਾਂ ਲੋਕਾਂ ਨੂੰ ਬੇਘਰ ਕੀਤਾ ਤੇ 30 ਤੋਂ ਉੱਪਰ ਲੋਕਾਂ ਦੀ ਮੌਤ ਦਾ ਕਾਰਨ ਬਣੇ ਹੜ੍ਹਾਂ ਨੇ ਸੂਬੇ ਦੀ ਆਰਥਿਕਤਾਂ ਨੂੰ ਡੂੰਘਾ ਝੰਬਿਆ।ਇਹ ਸਾਲ ਬੱਚਿਆਂ ਲਈ ਵੀ ਮਾੜਾ ਰਿਹਾ ਜਿਸ ਅਨੁਸਾਰ ਹਜ਼ਾਰਾ ਇਟਾਲੀਅਨ ਤੇ ਹੋਰ ਦੇਸ਼ਾਂ ਦੇ ਬੱਚੇ ਲਾਪਤਾ ਹੋਏ ਜਿਹਨਾਂ ਨੂੰ ਲੱਭਣ ਲਈ ਪੁਲਸ ਸੰਜੀਦਾ ਹੋਣ ਦੇ ਬਾਵਜੂਦ ਨਿਰਾਸ਼ਾ ਵਿੱਚੋਂ ਲੰਘ ਰਹੀ ਹੈ। ਇਸ ਸਾਲ ਭਾਰਤੀ ਕਾਮਿਆਂ ਨਾਲ ਵੀ ਹਾਕਮ ਧੀਰਾਂ ਵੱਲੋਂ ਧੱਕਾਂ ਹੀ ਕੀਤਾ ਗਿਆ ਜਿਸ ਕਾਰਨ ਸੈਂਕੜੇ ਪਰਿਵਾਰ ਨੇ ਕਾਮਿਆਂ ਨਾਲ ਰਲ-ਮਿਲ ਲੜੀ ਲੜਾਈ ਪਰ ਇਟਾਲੀਅਨ ਮਾਲਕ ਨਹੀਂ ਹੋਈਆ ਟੱਸ ਤੋ ਮੱਸ।ਇਟਲੀ ਵਿੱਚ ਕੰਮਾਂ ਤੋਂ ਆਉਂਦੇ ਜਾਂਦੇ ਹਰ ਸਾਲ ਅਨੇਕਾਂ ਮਾਵਾਂ ਦੇ ਲਾਲ ਸੜਕ ਹਾਦਸਿਆਂ ਦਾ ਸ਼ਿਕਾਰ ਹੋ ਮਾਪਿਆਂ ਨੂੰ ਰੋਂਦਿਆਂ ਛੱਡ ਜਹਾਨੋ ਤੁਰ ਜਾਂਦੇ ਹਨ ਇਸ ਸਾਲ ਇਹ ਕੁਦਰਤੀ ਕਹਿਰ ਸਾਲ ਦੇ ਆਖ਼ਰੀ ਜਿਹਨਾਂ ਵਿੱਚ ਜ਼ਿਆਦਾ ਰਿਹਾ ਜਿਸ ਕਾਰਨ ਸਾਲ 2023 ਭਾਰਤੀਆਂ ਲਈ ਕੋਈ ਜ਼ਿਆਦਾ ਚੰਗਾ ਨਹੀਂ ਸਾਬਤ ਹੋਇਆ।ਇਸ ਸਾਲ ਜਿੱਥੇ ਕੁਦਰਤੀ ਕਹਿਰ ਪ੍ਰਵਾਸੀ ਤੇ ਇਟਾਲੀਅਨ ਲੋਕਾਂ ਨੂੰ ਝੰਬਿਆ ਉੱਥੇ ਪ੍ਰਵਾਸੀਆਂ ਦਾ ਆਪਸੀ ਖਹਿਬਾਜੀ ਕਾਰਨ ਕੀਤਾ ਆਪਣਿਆਂ ਵੱਲੋਂ ਆਪਣਿਆ ਦਾ ਹੀ ਕਤਲ ਇਟਲੀ ਵਿੱਚ ਪ੍ਰਵਾਸੀਆਂ ਦੇ ਭੱਵਿਖ ਨੂੰ ਧੁੰਦਲਾ ਕਰਦਾ ਨਜ਼ਰੀ ਆਉਂਦਾ ਹੈ।ਇਸ ਸਾਲ ਵੀ ਕਈ ਨੌਜਵਾਨ ਜਿਹੜੇ ਘਰ ਦੀ ਗਰੀਬੀ ਦੂਰ ਕਰ ਲੱਖਾਂ ਦਾ ਕਰਜ਼ਾ ਚੁੱਕ ਮਾਪਿਆਂ ਦਾ ਸਹਾਰਾ ਬਣਨ ਇਟਲੀ ਆਏ ਸਨ ਸੜਕ ਹਾਦਸਿਆਂ ਵਿੱਚ ਉਹਨਾਂ ਦੀ ਜਾਨ ਭੰਗ ਦੇ ਭਾੜੇ ਹੀ ਚਲੀ ਗਈ ।ਸੜਕ ਹਾਦਸਿਆਂ ਤੋਂ ਇਲਾਵਾਂ ਕੁਦਰਤੀ ਮੌਤਾਂ ਵੀ ਭਾਰਤੀ ਭਾਈਚਾਰੇ ਨੂੰ ਸਦਮੇਂ ਤੋਂ ਬਾਹਰ ਨਹੀਂ ਆਉਣ ਦਿੱਤਾ।ਅਗਸਤ ਵਿੱਚ ਨੀਲ ਨਾਮ ਦੇ ਵਾਇਰਸ ਨੇ ਇਟਲੀ ਵਿੱਚ ਦਸਤਕ ਦਿੱਤੀ ਸੀ ਪਰ ਸਰਕਾਰ ਦੀ ਸਮਝਦਾਰੀ ਤੇ ਸਿਹਤ ਵਿਭਾਗ ਦੀ ਸੰਜੀਦਗੀ ਤੇ ਸਾਵਧਾਨੀ ਨਾਲ ਕਿਸੇ ਦਾ ਕੋਈ ਜਾਨੀ ਨੁਕਸਾਨ ਹੋਣ ਦਾ ਸਮਾਚਾਰ ਨਹੀਂ ਰਿਹਾ।ਇਸ ਸਾਲ ਭਾਰਤੀ ਭਾਈਚਾਰੇ ਦੇ ਬੱਚਿਆਂ ਨੇ ਵਿੱਦਿਅਦਕ ਖੇਤਰ ਤੇ ਸਰਕਾਰੀ ਮਹਿਕਮਿਆਂ ਵਿੱਚ ਆਪਣੀ ਕਾਬਲੀਅਤ ਦੇ ਬਲਬੂਤੇ ਪੂਰੀ ਧੱਕ ਪਾਈ ਜਿਸ ਨਾਲ ਇਟਾਲੀਅਨ ਤੇ ਹੋਰ ਦੇਸ਼ਾਂ ਦੇ ਲੋਕਾਂ ਨੇ ਭਾਰਤੀਆਂ ਦੀ ਮਿਹਨਤ ਦਾ ਲੋਹਾ ਮੰਨਿਆਂ।ਇਸ ਸਾਲ ਵੀ ਮਹਾਨ ਸਿੱਖ ਧਰਮ ਦੀ ਚੜ੍ਹਦੀ ਕਲਾ ਲਈ ਇਟਲੀ ਦੇ ਕੋਨੇ-ਕੋਨੇ ਤੋਂ ਸਿੱਖ ਸੰਗਤਾਂ ਨੇ ਵੱਧ ਚੜ੍ਹ ਸੇਵਾ ਨਿਭਾਈ।ਇਸ ਸਾਲ ਮਹਾਨ ਸਿੱਖ ਧਰਮ ਦੀ ਸ਼ਾਨ ਦਸਤਾਰ ਨੂੰ ਵੀ ਇੱਥੋਂ ਦੇ ਜਾਨਵਰਾਂ ਦੇ ਡਾਕਟਰਾਂ ਨੇ ਮਜ਼ਾਕ ਬਣਾਉਣ ਦੀ ਕੋਸ਼ਿਸ ਕੀਤੀ ਜਿਸ ਬਾਬਤ ਉਹਨਾਂ ਬਆਦ ਵਿੱਚ ਮਾਫ਼ੀ ਮੰਗ ਜਾਨ ਛੁੱਡਾਅ ਲਈ।ਇਸ ਸਾਲ ਵੀ ਪਿਛਲੇ ਕਈ ਸਾਲਾਂ ਤੋਂ ਇਟਲੀ ਵਿੱਚ ਸਿੱਖ ਧਰਮ ਦੇ ਰਜਿਸਟਰਡ ਹੋਣ ਦੇ ਇਤਿਹਾਸਕ ਕਾਰਜ ਨੂੰ ਸੰਗਤ ਉਡੀਕ ਦੀ ਹੀ ਰਹੀ ਗਈ ਜਦੋਂ ਕਿ ਮਹਾਨ ਸਿੱਖ ਧਰਮ ਨੂੰ ਇਟਲੀ ਵਿੱਚ ਰਜਿਸਟਰਡ ਕਰਵਾਉਣ ਲਈ 2 ਸਿੱਖ ਸੰਸਥਾਵਾਂ ਕੰਮ ਕਰ ਰਹੀਆਂ ਹਨ।ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਟਲੀ ਸਰਕਾਰ ਨੇ ਬੀਤੇਂ ਸਮੇਂ ਇਟਲੀ ਦੇ ਸਿੱਖ ਭਾਈਚਾਰੇ ਨੂੰ ਇਹ ਗੱਲ ਸਪੱਸ਼ਟ ਕਹੀ ਸੀ ਕਿ ਉਹ ਜੇਕਰ ਇਟਲੀ ਵਿੱਚ ਸਿੱਖ ਧਰਮ ਨੂੰ ਰਜਿਸਟਰਡ ਕਰਵਾਉਣਾ ਚਾਹੁੰਦੇ ਹਨ ਤਾਂ ਸਾਰੇ ਇੱਕ ਪਲੇਟਫਾਰਮ ਉੱਤੇ ਇੱਕਠੇ ਹੋਕੇ ਆਉਂ ਪਰ ਅਫ਼ਸੋਸ ਇਸ ਸਾਲ ਵੀ ਜਦੋਂ ਕਿ ਸਿੱਖ ਸੰਗਤ ਦੇ ਧਰਮ ਰਜਿਸਟਰਡ ਕਰਵਾਉਣ ਲਈ ਲੱਖਾਂ ਯੂਰੋ ਖਰਚ ਹੋ ਰਹੇ ਹਨ ਸਿੱਖ ਜੱਥੇਬੰਦੀਆਂ ਦੀ ਆਪਸੀ ਏਕਤਾ ਨਹੀਂ ਹੋ ਸਕੀ ਜਿਸ ਦੇ ਚੱਲਦਿਆਂ ਸਿੱਖ ਧਰਮ ਰਜਿਸਟਰਡ ਕਰਵਾਉਣ ਲਈ ਮੁੱਦਾ ਇੱਕ ਹੋਣ ਦੇ ਬਾਵਜੂਦ ਸੰਗਤ ਦਾ ਦੋਹਰਾ ਖਰਚਾ ਹੋ ਰਿਹਾ ਹੈ। ਇਟਲੀ ਸਰਕਾਰ ਨੇ ਜਦੋਂ ਵੀ ਇਟਲੀ ਵਿੱਚ ਸਿੱਖ ਧਰਮ ਨੂੰ ਰਜਿਸਟਰਡ ਕਰਨਾ ਹੈ ਤਾਂ ਸਿਰਫ਼ ਕਿਸੇ ਇੱਕ ਸੰਸਥਾ ਦੇ ਕੇਸ ਉਪੱਰ ਗੌਰ ਕਰਨੀਂ ਹੈ ਨਾਂਕਿ ਸਾਰੇ ਕੇਸਾਂ ਦੀ ਜਾਂਚ ਕਰਨੀ ਹੈ ਫਿਰ ਕਿਉਂ 2 ਸੰਸਥਾਵਾਂ ਸੰਗਤ ਦੇ ਦਸੌਂਧ ਨਾਲ ਬਿਨ੍ਹਾਂ ਸੋਚੇ ਵਕੀਲਾਂ ਦੀਆਂ ਜੇਬਾਂ ਭਰ ਰਹੀਆਂ ਹੈ।ਇਟਲੀ ਦੀ ਸਿੱਖ ਸੰਗਤ ਨੂੰ ਇਹਨਾਂ ਸਵਾਲਾਂ ਦਾ ਜਵਾਬ ਕਿਸੇ ਵੀ ਸਿੱਖ ਆਗੂ ਤੋਂ ਨਹੀਂ ਮਿਲ ਰਿਹਾ ਕਿ ਉਹ ਕਿਹੜੀਆਂ ਮਜ਼ਬੂਰੀਆਂ ਹਨ ਜਿਸ ਕਾਰਨ ਇਟਲੀ ਦੇ ਸਿੱਖ ਆਗੂ ਧਰਮ ਰਜਿਸਟਰਡ ਕਰਵਾਉਣ ਇਸ ਸਾਲ ਵੀ ਮੈਂ ਮੇਰੀ ਤੋਂ ਉਪੱਰ ਉੱਠ ਗੁਰੂ ਸਾਹਿਬ ਦੇ ਸਤਿਕਾਰ ਲਈ ਏਕਤਾ ਨਹੀਂ ਦਿਖਾ ਸਕੇ।ਸਾਲ 2023 ਜਿੱਥੇ ਇਟਾਲੀਅਨ ਤੇ ਪ੍ਰਵਾਸੀਆਂ ਲਈ ਅਣਹੋਂਣੀ ਨਾਲ ਭਰਿਆ ਰਿਹਾ ਉੱਥੇ ਸਿੱਖ ਸੰਗਤ ਦੀਆਂ ਡੂੰਘੀਆਂ ਆਸਾਂ ਨੂੰ ਵੀ ਨਹੀਂ ਪੈ ਸਕਿਆ ਬੂਰ,ਸਾਰਾ ਸਾਲ ਸਿੱਖ ਸੰਗਤ ਸਿੱਖ ਜੱਥੇਬੰਦੀਆਂ ਦੀ ਏਕਤਾ ਉਡੀਕਦੀ ਰਹੀ ,ਨਾ ਏਕਤਾ ਹੋ ਸਕੀ ਨਾ ਸਿੱਖ ਧਰਮ ਰਜਿਸਟਰਡ






# ਵਰਲਡ ਪੰਜਾਬੀ ਟਾਈਮਜ਼ – ਨਵਾਂ ਵਰ੍ਹਾ 2024 ਮੁਬਾਰਕ

## ਇੰਸਪੈਕਟਰ ਅਮਰਜੀਤ ਸਿੰਘ ਸੰਧੂ ਨੂੰ ਸ਼ਾਨਦਾਰ ਸੇਵਾਵਾਂ ਨਿਭਾਉਣ ਬਦਲੇ ਸ਼ਹਿਰ ਦੀਆਂ ਸਮਾਜ ਸੇਵੀ ਸੰਸਥਾਵਾਂ ਵੱਲੋ ਸਨਮਾਨ ਕੀਤਾ ਗਿਆ।

### ਐਸ.ਐਸ.ਪੀ.ਹਰਜੀਤ ਸਿੰਘ ਤੇ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਪਹੁੰਚ ਦੇ ਦਿੱਤੀਆਂ ਸ਼ੁੱਭ ਕਾਮਨਾਵਾਂ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫ਼ਰੀਦਕੋਟ, 31 ਦਸੰਬਰ : ਮੁੱਖ ਅਫ਼ਸਰ ਕੋਤਵਾਲੀ ਇੰਸਪੈਕਟਰ ਅਮਰਜੀਤ ਸਿੰਘ ਸੰਧੂ ਦਾ ਅੱਜ ਸਿਟੀ ਕੋਤਵਾਲੀ ਫ਼ਰੀਦਕੋਟ ਵਿਖੇ ਸ਼ਾਨਦਾਰ ਸੇਵਾਵਾਂ ਨਿਭਾਉਣ ਬਦਲੇ ਸ਼ਹਿਰ ਦੀਆਂ ਸਮਾਜ ਸੇਵੀ ਸੰਸਥਾਵਾਂ ਵੱਲੋਂ ਮੁੱਖ ਕੋਆਰਡੀਨੇਟਰ ਐਨ.ਜੀ.ਓ ਪ੍ਰਵੀਨ ਕਾਲਾ ਦੀ ਯੋਗ ਅਗਵਾਈ ਹੇਠ ਸਨਮਾਨ ਕੀਤਾ ਗਿਆ। ਇਸ ਮੌਕੇ ਸਮਾਗਮ ਦੇ ਪ੍ਰਧਾਨਗੀ ਮੰਡਲ 'ਚ ਅਮਰਜੀਤ ਸਿੰਘ ਸੰਧੂ ਮੁੱਖ ਅਫ਼ਸਰ ਕੋਤਵਾਲੀ, ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਐਸ.ਐਸ.ਪੀ.ਫ਼ਰੀਦਕੋਟ ਹਰਜੀਤ ਸਿੰਘ, ਨਗਰ ਕੌਂਸਲ ਫ਼ਰੀਦਕੋਟ ਦੇ ਪ੍ਰਧਾਨ ਨਰਿੰਦਰਪਾਲ ਸਿੰਘ ਨਿੰਦਾ, ਸਮਾਜ ਸੇਵੀ ਗੁਰਤੇਜ ਸਿੰਘ ਢੁੱਡੀ ਸ਼ਾਮਲ ਹੋਏ। ਇਸ ਮੌਕੇ ਭਾਵਾਧਾਸ ਭਾਰਤ ਦੇ ਜਨਰਲ ਸਕੱਤਰ ਸ਼੍ਰੀ ਓਮ ਪ੍ਰਕਾਸ਼ ਬੋਹਤ ਨੇ ਸਭ ਨੂੰ ਜੀ ਆਇਆਂ ਨੂੰ ਆਖਿਆ। ਇਸ ਮੌਕੇ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਅਮਰਜੀਤ ਸਿੰਘ ਸੰਧੂ ਨੂੰ ਵਧਾਈ ਦਿੰਦਿਆਂ ਕਿਹਾ ਹਰ ਇਨਸਾਨ ਨੂੰ ਆਪਣੀ ਡਿਊਟੀ ਇਸ ਢੰਗ ਨਾਲ ਨਿਭਾਉਣੀ ਚਾਹੀਦੀ ਹੈ ਕਿ ਉਸ ਕੋਲ ਕੰਮ ਵਿਅਕਤੀ ਨੂੰ ਸੁੰਤਸ਼ਟੀ ਤੇ ਇਨਸਾਫ਼ ਮਿਲੇ। ਇਸ ਮੌਕੇ ਹਰਜੀਤ ਸਿੰਘ ਸੀਨੀਅਰ ਪੁਲਿਸ ਕਪਤਾਨ ਨੇ ਕਿਹਾ ਸਮਾਜ ਸੇਵੀ ਸੰਸਥਾਵਾਂ ਨੇ ਮੇਰੀ ਵਿਭਾਗ ਦੇ ਅਧਿਕਾਰੀ ਨੂੰ ਸਨਮਾਨਿਤ ਕਰਕੇ ਸਾਡਾ ਜਿੰਮੇਵਾਰੀ 'ਚ ਹੋਰ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਪੁਲਿਸ ਵਿਭਾਗ ਹਮੇਸ਼ਾ ਜਨਤਾ ਨੂੰ ਬੇਹਰਤੀਨ ਸੇਵਾਵਾਂ ਦੇਣ ਲਈ ਵਚਨਬੱਧ ਹੈ। ਕ੍ਰਿਸ਼ਨਾਂਵੰਤੀ ਸੇਵਾ ਸੁਸਾਇਟੀ ਫ਼ਰੀਦਕੋਟ ਦੇ ਪ੍ਰਧਾਨ ਪ੍ਰਿੰਸੀਪਲ ਸੁਰੇਸ਼ ਅਰੋੜਾ, ਨੈਸ਼ਨਲ ਯੂਥ ਵੈਲਫ਼ੇਅਰ ਕਲੱਬ ਫ਼ਰੀਦਕੋਟ ਦੇ ਪ੍ਰਧਾਨ ਗੁਰਚਰਨ ਸਿੰਘ ਭੰਗੜਾ ਕੋਚ, ਬਾਬਾ ਸ਼੍ਰੀ ਚੰਦ ਵੈਲਫ਼ੇਅਰ ਸੁਸਾਇਟੀ ਫ਼ਰੀਦਕੋਟ ਦੇ ਚੇਅਰਮੈਨ ਰਾਜਿੰਦਰ ਦਾਸ ਰਿੰਕੂ,



ਲਾਇਨਜ਼ ਕਲੱਬ ਪੰਜਾਬ ਦੇ ਮੁੱਖ ਸਲਾਹਕਾਰ ਰਜਨੀਸ਼ ਗਰੋਵਰ, ਇੰਚਾਰਜ਼ ਪ੍ਰਿੰਸੀਪਲ ਜਸਵਿੰਦਰਪਾਲ ਸਿੰਘ ਮਿੰਟੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਮਰਜੀਤ ਸਿੰਘ ਸੰਧੂ ਪੰਜਾਬ ਪੁਲਿਸ ਦੇ ਬੇਹਤਰੀਨ ਅਫ਼ਸਰਾਂ 'ਚੋਂ ਇੱਕ ਹਨ। ਜਿਨ੍ਹਾਂ ਨੇ ਹਮੇਸ਼ਾ ਹੀ ਨਿਮਰਤਾ, ਹਲੀਮੀ, ਸਾਦਗੀ, ਤਨਦੇਹੀ, ਮਿਹਨਤ ਅਤੇ ਈਮਾਨਦਾਰੀ ਨਾਲ ਆਪਣੇ ਫ਼ਰਜ਼ਾਂ ਦੀ ਅਦਾਇਗੀ ਕੀਤੀ ਹੈ। ਉਨ੍ਹਾਂ ਕਾਂਸਟੇਬਲ ਭਰਤੀ ਹੋ ਕੇ ਮੁੱਖ ਮੁਨਸ਼ੀ, ਏ.ਐਸ.ਆਈ.ਥਾਣਾ ਅਫ਼ਸਰ ਦੇ ਆਹੁਦਿਆਂ ਤੇ ਜਿੱਥੇ ਵੀ ਸੇਵਾ ਨਿਭਾਈ ਹੈ, ਉੱਥੇ ਵੱਡੀ ਗਿਣਤੀ 'ਚ ਆਮ ਲੋਕਾਂ ਤੋਂ ਸਤਿਕਾਰ ਪ੍ਰਾਪਤ ਕੀਤਾ ਹੈ। ਇਸ ਲਈ ਅੱਜ ਉਨ੍ਹਾਂ ਦਾ ਸਨਮਾਨ ਕੀਤਾ ਜਾ ਰਿਹਾ ਹੈ। ਇਸ ਮੌਕੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਜਸਬੀਰ ਸਿੰਘ ਜੱਸੀ ਨੇ ਨਿਭਾਉਂਦਿਆਂ ਸਭ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ। ਇਸ ਮੌਕੇ ਪ੍ਰਬੰਧਕ ਬਾਬਾ ਫ਼ਰੀਦ ਵਿੱਦਿਅਕ ਸੰਸਥਾਵਾਂ ਡਾ.ਗੁਰਿੰਦਰ ਮੋਹਨ ਸਿੰਘ, ਅਵਤਾਰ ਸਿੰਘ ਬਰਾੜ ਮੈਮੋਰੀਅਲ ਸੁਸਾਇਟੀ ਦੇ ਚੇਅਰਮੈਨ ਨਵਦੀਪ ਸਿੰਘ ਬੱਬੂ ਬਰਾੜ, ਦੁਸਹਿਰਾ ਕਮੇਟੀ ਦੇ ਚੇਅਰਮੈਨ ਅਸ਼ੋਕ ਸੱਚਰ, ਸ਼੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਦਵਿੰਦਰ ਸਿੰਘ ਪੰਜਾਬ ਮੋਟਰਜ਼, ਕੈਪਟਨ ਧਰਮ ਸਿੰਘ ਗਿੱਲ ਗੁਰਦੁਆਰਾ ਸਾਹਿਬਜ਼ਾਦਾ ਅਜੀਤ ਸਿੰਘ-ਲੰਗਰ ਮਾਤਾ ਖੀਵੀ ਜੀ, ਦਸਮੇਸ਼ ਪਬਲਿਕ ਸਕੂਲ ਫ਼ਰੀਦਕੋਟ ਦੇ ਵਾਈਸ ਪ੍ਰਿੰਸੀਪਲ ਰਾਕੇਸ਼ ਧਵਨ, ਲਾਇਨਜ਼ ਕਲੱਬ ਫ਼ਰੀਦਕੋਟ ਦੇ ਪ੍ਰਧਾਨ ਹਰਜੀਤ ਸਿੰਘ, ਸਕੱਤਰ ਬਿਕਰਮਜੀਤ ਸਿੰਘ ਢਿੱਲੋਂ, ਗੁਰਚਰਨ ਸਿੰਘ ਗਿੱਲ, ਸੁਖਪਾਲ ਸਿੰਘ ਢਿੱਲੋਂ, ਗੁਰਮੇਲ ਸਿੰਘ ਜੱਸਲ, ਗਰੀਸ਼ ਸੁਖੀਜਾ, ਮਾਰਕੀਟ ਕਮੇਟੀ ਫ਼ਰੀਦਕੋਟ ਦੇ ਸਾਬਕਾ ਚੇਅਰਮੈਨ ਅਸ਼ੋਕ ਜੈਨ, ਗਊਸ਼ਾਲਾ ਪੰਚਵਟੀ ਤੋਂ ਲੇਖ ਰਾਜ ਵਧਵਾ, ਰੋਟਰੀ ਕਲੱਬ ਫ਼ਰੀਦਕੋਟ ਦੇ ਪ੍ਰਧਾਨ ਅਰਵਿੰਦ ਛਾਬੜਾ, ਭਾਵਾਧਾਸ ਦੇ ਆਗੂ ਜਤਿੰਦਰ ਕੁਮਾਰ ਹੰਸਾ, ਚਰਨਜੀਤ ਸਿੰਘ ਡੋਡ, ਹਿੰਦੀ ਮਾਸਟਰ ਵਿਨੋਦ ਕੁਮਾਰ, ਮੈਥ ਮਾਸਟਰ ਭਾਰਤ ਭੂਸ਼ਨ ਜਿੰਦਲ, ਸੀਨੀਅਰ ਜਰਨਲਿਸਟ ਜਸਵੰਤ ਸਿੰਘ ਪੁਰਬਾ, ਬਲਵਿੰਦਰ ਹਾਲੀ, ਦੇਵਾਨੰਦ ਸ਼ਰਮਾ, ਰਾਕੇਸ਼ ਸ਼ਰਮਾ, ਸਤੀਸ਼ ਬਾਗੀ,ਹ,ਮਿੰਦਰ ਮਿੰਦਾ, ਬਾਬਾ ਫ਼ਰੀਦ ਪ੍ਰੈਸ ਕਲੱਬ ਦੇ ਚੇਅਰਮੈਨ ਰਾਜਿੰਦਰ ਅਰੋੜਾ, ਪ੍ਰਧਾਨ ਰਾਕੇਸ਼ ਗਰਗ, ਸਹਾਰਾ ਸੇਵਾ ਸੁਸਾਇਟੀ ਦੇ ਪ੍ਰਧਾਨ ਅਸ਼ੋਕ ਭਟਨਾਗਰ, ਜਸਵਿੰਦਰ ਸਿੰਘ ਬਰਾੜ, ਰਾਜਾ ਬਰਾੜ, ਚਿਤਰੰਜਨ ਗਾਬਾ, ਪ੍ਰੇਮ ਖਰਬੰਦਾ, ਬੂਟਾ ਗੱਪੀ, ਬਲਜਿੰਦਰ ਵਿਰਕ, ਗੁਰਦੇਵ ਸਿੰਘ ਫ਼ੌਜੀ, ਸੇਵਾ ਮੁਕਤ ਪ੍ਰਿੰਸੀਪਲ ਪਰਮਿੰਦਰ ਸਿੰਘ, ਲਾਲ ਸਿੰਘ ਹਸਪਤਾਲ ਗੋਲੇਵਾਲਾ ਦੇ ਮਹਿੰਮਾ ਸਿੰਘ ਗਿੱਲ, ਸਮਾਜ ਸੇਵੀ ਸੰਜੀਵ ਮਿੱਤਲ, ਰਾਜਿੰਦਰ ਸਿੰਘ ਰੁਪਾਣਾ, ਨਿਸ਼ਕਾਮ ਸੇਵਾ ਸੰਮਤੀ ਦੇ ਪ੍ਰਧਾਨ ਐਡਵੋਕੇਟ ਗੌਤਮ ਬਾਂਸਲ, ਰਾਧਾ ਕਿਸ਼ਨ ਧਾਮ ਫ਼ਰੀਦਕੋਟ ਦੇ ਦੀਪਕ ਸ਼ਰਮਾ ਦੀਪ, ਸੰਦੀਪ ਗਰਗ, ਮੁਸਲਿਮ ਵੈਲਫ਼ੇਅਰ ਸੁਸਾਇਟੀ ਦੇ ਦਿਲਾਵਰ ਹੂਸੈਨ, ਕਾਮਰੇਡ ਕੁਲਦੀਪ ਸ਼ਰਮਾ, ਐਸ.ਆਈ ਸੁਖਵਿੰਦਰ ਸਿੰਘ ਐਡੀਸ਼ਨ ਐਸ.ਐਸ.ਓ, ਏ.ਐਸ.ਆਈ ਅਮਨ ਸ਼ਰਮਾ, ਐਸ.ਆਈ ਗੁਰਮੇਲ ਕੌਰ, ਸਾਰੇ ਏ.ਐਸ.ਆਈ ਸ਼ਵਿੰਦਰ ਸਿੰਘ, ਹਰਚਰਨ ਸਿੰਘ, ਗੁਰਦਿੱਤ ਸਿੰਘ, ਰਾਜ ਸਿੰਘ, ਅਕਲਪ੍ਰੀਤ ਸਿੰਘ, ਨਿਰਮਲ ਸਿੰਘ,ਸੁਖਵਿੰਦਰ ਸਿੰਘ,ਹੌਲਦਾਰ ਪਰਵਿੰਦਰ ਸਿੰਘ,ਕਾਂਸਟੇਬਲ ਗਗਨਦੀਪ ਸਿੰਘ, ਗੁਰਸ਼ਰਨ ਸਿੰਘ, ਹਰਜਿੰਦਰ ਸਿੰਘ ਨੇ ਫ਼ੁੱਲਾਂ ਦੀ ਵਰਖਾ ਕਰਕੇ, ਆਪੋ ਆਪਣੀ ਸੰਸਥਾ ਵੱਲੋਂ ਫ਼ੁੱਲਾਂ ਦੇ ਹਾਰ ਪਹਿਨਾ ਕੇ, ਸਿਰੋਪਾ ਨਾਲ, ਯਾਦਗਰੀ ਚਿੰਨ, ਬੁੱਕੇ ਭੇਂਟ ਕਰਕੇ ਸਨਮਾਨਿਤ ਕੀਤਾ। ਪਹਿਲੀ ਵਾਰ ਫ਼ਰੀਦਕੋਟ 'ਚ ਕਿਸੇ ਪੁਲਿਸ ਅਧਿਕਾਰੀ ਨੂੰ ਇਸ ਤਰ੍ਹਾਂ ਦੇ ਸਨਮਾਨ ਮਿਲਣ ਦਾ ਦ੍ਰਿਸ਼ ਸੱਚਮੁੱਚ ਵੇਖਣਯੋਗ ਸੀ।

## ਪੰਜਾਬ ਵਿੱਚ ਸਕੂਲਾਂ ਦਾ ਸਮਾਂ ਬਦਲਿਆ

ਵਰਲਡ ਪੰਜਾਬੀ ਟਾਈਮਜ਼

ਚੰਡੀਗੜ੍ਹ, 31 ਦਸੰਬਰ, ਸੂਬੇ ਵਿੱਚ ਵੱਧ ਰਹੀ ਠੰਡ ਅਤੇ ਧੁੰਦ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਸਾਰੇ ਸਰਕਾਰੀ, ਪ੍ਰਾਈਵੇਟ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਦਾ ਸਮਾਂ ਬਦਲ ਦਿੱਤਾ ਹੈ।

1 ਜਨਵਰੀ ਤੋਂ ਸਕੂਲ ਸਵੇਰੇ 10 ਵਜੇ ਸ਼ੁਰੂ ਹੋਣਗੇ ਅਤੇ ਦੁਪਹਿਰ 3 ਵਜੇ ਸਮਾਪਤ ਹੋਣਗੇ।

















## ਪੰਜਾਬ 'ਭਾਰਤ ਪਰਵ' ਲਈ ਟੈਬਲਿਊ ਨਹੀਂ ਭੇਜੇਗਾ: ਭਗਵੰਤ ਮਾਨ

ਵਰਲਡ ਪੰਜਾਬੀ ਟਾਈਮਜ਼

ਚੰਡੀਗੜ੍ਹ, 31 ਦਸੰਬਰ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ 23 ਜਨਵਰੀ ਤੋਂ 31 ਜਨਵਰੀ ਤੱਕ ਲਾਲ ਕਿਲ੍ਹੇ ਵਿੱਚ ਹੋਣ ਵਾਲੇ ਭਾਰਤ ਪਰਵ ਲਈ ਪੰਜਾਬ ਰਾਜ ਦੀ ਝਾਕੀ ਨਹੀਂ ਭੇਜੇਗਾ। ਮੁੱਖ ਮੰਤਰੀ ਮਾਨ ਨੇ ਇਹ ਬਿਆਨ ਰੱਖਿਆ ਮੰਤਰਾਲੇ ਦੇ ਉਸ ਪੱਤਰ ਦੇ ਜਵਾਬ ਵਿੱਚ ਦਿੱਤਾ ਜਿਸ ਵਿੱਚ ਪੰਜਾਬ ਸਮੇਤ ਵੱਖ-ਵੱਖ ਰਾਜਾਂ ਨੂੰ ਭਾਰਤ ਪਰਵ ਵਿੱਚ ਆਪੋ-ਆਪਣੀ ਝਾਕੀ ਦਿਖਾਉਣ ਲਈ ਸੱਦਾ ਦਿੱਤਾ ਗਿਆ ਸੀ। "ਅਸੀਂ ਆਪਣੇ ਭਗਤ ਸਿੰਘ, ਰਾਜਗੁਰੂ, ਸੁਖਦੇਵ, ਲਾਲਾ ਲਾਜਪਤ ਰਾਏ, ਊਧਮ ਸਿੰਘ, ਮਾਈ ਭਾਗੋ, ਕਰਤਾਰ ਸਰਾਭੇ, ਗ਼ਦਰੀ ਬਾਬਿਆਂ ਅਤੇ ਮਹਾਰਾਜਾ ਰਣਜੀਤ ਸਿੰਘ ਦੀਆਂ ਕੁਰਬਾਨੀਆਂ ਨੂੰ ਨਕਾਰੇ ਹੋਏ ਵਰਗਾਂ ਵਿੱਚ ਨਹੀਂ ਭੇਜਾਂਗੇ। ਅਸੀਂ ਸਤਿਕਾਰ ਦੇਣਾ ਜਾਣਦੇ ਹਾਂ..ਬੀਜੇਪੀ ਦੇ ਐਨਓਸੀ ਕੋਈ ਲੋੜ ਨਹੀਂ। ਦ..," ਸੀਐਮ ਮਾਨ ਨੇ X 'ਤੇ ਲਿਖਿਆ। ਦੱਸਣਯੋਗ ਹੈ ਕਿ ਆਉਣ ਵਾਲੀ ਗਣਤੰਤਰ ਦਿਵਸ ਪਰੇਡ ਲਈ ਪੰਜਾਬ ਦੀ ਝਾਂਕੀ ਵੀ ਸ਼ਾਮਲ ਕੀਤੀ ਗਈ ਹੈ।



# ਵਰਲਡ ਪੰਜਾਬੀ ਟਾਈਮਜ਼ – ਨਵਾਂ ਵਰ੍ਹਾ 2024 ਮੁਬਾਰਕ

## ਆਜਾ ਭੁੱਲ ਕੇ




ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ

ਕਿਸਨੇ ਕਿਸਨੂੰ ਲੁੱਟਿਆ,
ਕਿਸਨੇ ਕੀਹਦਾ ਖਾਦਾ ਮਾਲ,
ਆਜਾ ਭੁੱਲ ਕੇ ਆਖੀਏ,
ਸਭ ਨੂੰ ਮੁਬਾਰਕ ਨਵਾਂ ਸਾਲ।
ਥਾਂ ਥਾਂ ਚੁਗਲੀ ਚੱਲਦੀ,
ਮੌਜਾਂ ਲੁੱਟਦੇ ਨੇ ਚੁਗਲਖੋਰ,
ਅੰਗ੍ਰੇਜ਼ਾਂ ਦਾ ਨਾਮ ਬਦਨਾਮ,
ਘਰ ਬੈਠੇ ਬਹੁਤ ਨੇ ਚੋਰ,
ਵਾੜ ਦੇਸ਼ ਨੂੰ ਖਾਈ ਜਾਦੀ,
ਕੀ ਕੀ ਖੇਡਣ ਯਾਰੋ ਚਾਲ।
ਆਜਾ ਭੁੱਲ ਕੇ

ਕਿਥੋ ਆਉਦਾ ਕਿਥੇ ਬਣਦਾ,
ਸਮਝ ਨਹੀ ਪੈਂਦੀ ਚਿੱਟਾ,
ਸੁਹਾਗਣ ਰੰਡੀ ਹੋ ਰਹੀ,
ਅੱਗੇ ਕੀ ਨਿਕਲੇਗਾ ਸਿੱਟਾ,
ਰੰਗਲੇ ਪੰਜਾਬ ਨੂੰ ਲੁੱਟ ਲਿਆ,
ਗਿੱਧੇ ਭੰਗੜੇ ਦੀ ਖੋਹ ਲਈ ਤਾਲ।
ਆਜਾ ਭੁੱਲ ਕੇ ..................
ਏਥੇ ਸੜਕਾਂ ਬੰਦੇ ਖਾਣੀਆਂ,
ਕਾਗਜਾਂ ਅੰਦਰ ਬੰਦ ਇਨਸਾਫ,
ਏਥੇ ਜਮੀਰਾਂ ਮੁੱਲ ਵਿਕਦੀਆਂ,
ਬੰਦੇ ਦਾ ਡਿੱਗ ਗਿਆ ਹੈ ਗ੍ਰਾਫ,
ਦੇਖ ਡਿਗਰੀਆਂ ਵਾਲੇ ਰੁਲ ਰਹੇ,
ਕੋਈ ਨਾ ਪੁਛੇ ਕਿਸੇ ਦਾ ਕੋਈ ਹਾਲ।
ਆਜਾ ਭੁੱਲ ਕੇ ........................
ਹਰ ਚੀਜ ਮਹਿੰਗੀ ਹੋ ਰਹੀ,
ਭਾਅ ਚੜ੍ਹ ਗਏ ਨੇ ਅਸਮਾਨ,
ਕਿੰਨੇ ਕਿਸਾਨ ਮਜ਼ਦੂਰ ਕਰਜੇ ਹੇਠ,
ਕਿੰਨੇ ਕੁ ਦੇ ਗਏ ਨੇ ਜਾਨ,
ਜਾਨ ਦਾ ਮੁੱਲ ਕਦੋ ਪਵੇਗਾ,
'ਦਰਦੀ' ਲਿਆਈ ਨਾ ਰੰਗਲੇ ਖਿਆਲ।

## ਆਓ ਨਵਾਂ ਸਾਲ ਮੁਬਾਰਕ ਕਹੀਏ




ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ

ਦੋਸਤੋ! ਆਓ ਨਵੇਂ ਸਾਲ ਤੇ ਕੁਝ ਨਵਾਂ ਕਰਨ ਦੀ ਕੋਸ਼ਿਸ਼ ਕਰੀਏ। ਬੀਤੇ ਦੀਆਂ ਗਲਤੀਆਂ ਪਾਸੇ ਧਰ ਕੇ, ਨਵੇਂ ਕਸੀਦੇ ਪੜ੍ਹੀਏ, ਸਿਆਣੇ ਕਹਿੰਦੇ ਹਨ ਕਿ ਅਸਲ ਮਨੁੱਖ ਉਹੀ ਹੈ ਜੋ ਆਪਣੀਆਂ ਗਲਤੀਆਂ ਤੋਂ ਸਬਕ ਸਿੱਖ ਕੇ ਅੱਗੇ ਵਧਦਾ ਹੈ। ਦੁਨੀਆਂ ਦਾ ਇਹ ਦਸਤੂਰ ਹੈ ਕਿ ਲੋਕ ਚੜਦੇ ਸੂਰਜ ਨੂੰ ਹੀ ਸਲਾਮ ਕਰਦੀ ਹੈ। ਤੁਸੀਂ ਸਾਡੇ ਆਉਣ ਵਾਲ਼ੇ ਭਵਿੱਖ ਦੇ ਉਹ ਚੜ੍ਹਦੇ ਸੂਰਜ ਹੋ ਜਿਨ੍ਹਾਂ ਨੇ ਆਪਣੀ ਮਿਹਨਤ,ਲਗਨ, ਭਰੋਸੇ ਦੇ ਨਾਲ਼ ਇਸ ਦੇਸ਼ ਦਾ ਭਵਿੱਖ ਨੂੰ ਰੁਸ਼ਨਾਉਣਾ ਹੈ। ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇਕਰ ਅਸੀਂ ਆਪਣੇ ਮਨਾਂ ਵਿੱਚੋਂ ਦੂਈ ਦਵੇਸ਼,ਈਰਖਾ,ਸਾੜਾ ਕਿਸੇ ਤਰੱਕੀ ਨੂੰ ਦੇਖ ਕੇ ਸੜਨ ਨਾਲੋਂ ਸਗੋਂ ਉਸ ਦੀ ਰੀਸ ਕਰਨ ਦੀ ਕੋਸ਼ਿਸ਼ ਕਰੀਏ।

ਦੁੱਖ ਕਲੇਸ਼ ਨੂੰ ਦੂਰ ਭਜਾ ਕੇ, ਕਰੀਏ ਸੁਰਖ਼ ਸਵੇਰਿਆਂ ਨੂੰ,

ਆਓ ਹਿੰਮਤਾਂ ਵਾਲ਼ਿਓ, ਆਪਾਂ ਹਿੰਮਤਾਂ ਦੇਈਏ ਹਾਰਿਆਂ ਨੂੰ,

ਉਂਝ ਤਾਂ ਨਵਾਂ ਵਰ੍ਹਾ ਹਰ ਸਾਲ ਹੀ ਆਉਂਦਾ ਹੈ ਤੇ ਚਲਾ ਜਾਂਦਾ ਹੈ। ਅਸੀਂ ਉਸ ਦਿਨ ਵਧਾਈਆਂ ਦੇ ਕਾਰਡ, ਸ਼ੁੱਭ ਕਾਮਨਾਵਾਂ ਭੇਜਣ ਦੀ ਕੋਈ ਕਸਰ ਨਹੀਂ ਛੱਡਦੇ। ਪਰ ਅਸਲ ਦੇ ਵਿੱਚ ਬਦਲਿਆ ਕੁਝ ਵੀ ਨਹੀਂ ਹੁੰਦਾ,ਜੇ ਕੁਝ ਬਦਲਿਆ ਹੁੰਦਾ ਹੈ ਤਾਂ ਕੰਧਾਂ ਉੱਪਰ ਟੰਗੇ ਕੈਲੰਡਰ ਅਤੇ ਤਾਰੀਖ਼ਾਂ।ਅਸਲ ਵਿੱਚ ਲੋੜ ਹੈ ਸਾਨੂੰ ਆਪਣੇ ਅੰਦਰ ਦੀਆਂ ਬੁਰਾਈਆਂ ਨੂੰ ਬਦਲਣ ਦੀ, ਕੁਝ ਨਵੀਆਂ ਪਹਿਲ ਕਦਮੀਆਂ ਕਰਕੇ ਸਮਾਜ ਵਿੱਚ ਕੁਝ ਚੰਗਾ ਅਤੇ ਨਵਾਂ ਕਰਨ ਦੀ।ਜਿਸ ਨਾਲ਼ ਸਮਾਜ ਵਿੱਚ ਅਮਨ ਅਤੇ ਸ਼ਾਂਤੀ, ਭਾਈਚਾਰਕ, ਸਮਾਜਿਕ,ਮੋਹ ਮੁਹੱਬਤ, ਏਕੇ ਦੀ ਆਪਸੀ ਸਾਂਝ ਬਣੀ ਰਹੇ।

ਖ਼ੁਸ਼ਾਮਦੀਦ ਆ ਪ੍ਰਿੰਸ ਆਖੀਏ, ਹੱਸਦੇ ਵੱਸਦੇ ਵਿਹੜਿਆਂ ਨੂੰ

## "ਨਵਾਂ ਸਾਲ ਆਇਆ ਏ"

ਵਰਲਡ ਪੰਜਾਬੀ ਟਾਈਮਜ਼
ਸ਼ੀਲੂ

ਨਵਾਂ ਸਾਲ ਆਇਆ ਏ,
ਨਵੀਆਂ ਖੁਸ਼ੀਆਂ ,ਨਵੇਂ ਰੰਗ, ਨਵੇਂ ਉਤਸ਼ਾਹ ਲਿਆਇਆ ਏ,
ਆਓ ਸਾਰੇ ਮਿਲ ਕੇ ਸਵਾਗਤ ਕਰੀਏ ਨਵਾਂ ਸਾਲ ਆਇਆ ਏ।
ਬੀਤੇ ਦੁਖ ਦਰਦ ਭੁਲਾ ਕੇ,
ਨੱਚੀਏ, ਟੱਪੀਏ, ਗੀਤ ਖੁਸ਼ੀ ਦੇ ਗਾਈਏ,
ਨਵੀਆਂ ਖੋਜਾਂ, ਨਵੇਂ ਵਿਚਾਰਾਂ ਦੇ ਸੰਗ ਨਵੇਂ ਸਾਲ 'ਚ ਤਰੱਕੀ ਕਰਦੇ ਜਾਈਏ।
ਆਓ ਸਾਰੇ ਮਿਲ ਕੇ ਨਵੇਂ ਸਾਲ ਨੂੰ ਸ਼ਾਨਦਾਰ ਬਣਾਈਏ,
ਨਵੀਆਂ ਖੇਡਾਂ, ਨਵੇਂ ਤਮਾਸ਼ੇ ਆਪਣੇ ਨਾਲ ਲਿਆਇਆ ਏ,
ਨਵਾਂ ਸਾਲ ਆਇਆ ਏ।
ਨਵੇਂ ਸੂਰਜ ਦੀਆਂ ਕਿਰਨਾਂ ਦੇ ਸੰਗ ਨਵੇਂ ਸੁਨੇਹੇ ਲਿਆਇਆ ਏ,
ਆਓ ਸਾਰੇ ਮਿਲ ਕੇ ਸਵਾਗਤ ਕਰੀਏ ਨਵਾਂ ਸਾਲ ਆਇਆ ਏ।
ਇੱਕ ਦੂਜੇ ਨੂੰ ਗਲੇ ਲਗਾਈਏ,
ਦੁੱਖ ਦਲਿਦਰਤਾ ਨੂੰ ਧਰਤੀ ਤੋਂ ਮਿਟਾਈਏ,
ਸੁਖ ਸਨੇਹੇ ਘਰ-ਘਰ ਵੰਡੀਏ,
ਭੁਲ ਜਾਈਏ ਸਾਰੇ ਮਾੜੇ ਵਿਚਾਰ।
ਖੁਸ਼ੀਆਂ ਨਾਲ ਭਰ ਜਾਏ ਸਾਰਾ ਸੰਸਾਰ।
ਸਭ ਦੇ ਸੁਪਨੇ ਹੋਵਣ ਸਾਕਾਰ,
ਨਵੀਆਂ ਖੁਸ਼ੀਆਂ, ਨਵੇਂ ਉਤਸਾਹ ਨਵੀਆਂ ਰੌਣਕਾਂ ਲਿਆਇਆ ਏ।
ਆਓ ਸਾਰੇ ਮਿਲ ਕੇ ਸਵਾਗਤ ਕਰੀਏ, ਨਵਾਂ ਸਾਲ ਆਇਆ ਏ




## || ਨਵੇਂ ਸਾਲ ਦੀ ਪਹਿਲੀ ਸਵੇਰ ||



ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸੂਦ

ਨਵੇਂ ਸਾਲ ਦੀ ਇਹ ਪਹਿਲੀ ਸਵੇਰ।
ਝੋਲੀ ਵਿੱਚ ਪਾਵੇ ਸਭ ਦੇ ਖੁਸ਼ੀਆਂ,
ਥੋੜੀ ਵੀ ਨਾ ਹੁਣ ਲਗਾਵੇ ਦੇਰ।।
ਹਰ ਇੱਕ ਦੀ ਉਮੀਦ ਬਣੇ ਇਹ ਸਵੇਰ।
ਰਾਤ ਦੇ ਹਨੇਰੇ ਨੂੰ ਦੂਰ ਕਰੇ ਇਹ ਸਵੇਰ।
ਸੂਰਜ ਕਿਰਨਾਂ ਦੇਣ ਹਰ ਪਾਸੇ ਰੋਸ਼ਨੀ ਵਿਖੇਰ।।
ਫੁੱਲਾਂ ਦੀ ਮਹਿਕਾਂ ਨਾਲ ਮਹਿਕੇ ਇਹ ਸਵੇਰ।
ਪੰਛੀਆਂ ਦੀ ਚਹਿਕ ਨਾਲ ਚਹਿਕੇ ਇਹ ਸਵੇਰ।
ਤ੍ਰੇਲ ਦੇ ਸੁੱਚੇ ਮੋਤੀਆਂ ਨਾਲ ਸਜੀ ਹੋਈ ਇਹ ਸਵੇਰ।।
ਸੂਦ ਵਿਰਕ ਦੋਵੇਂ ਹੱਥ ਜੋੜ ਕਰੇ ਦੁਆਵਾਂ,

## ਨਵਾ ਸਾਲ 2024

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ

ਨਵੇ ਸਾਲ ਦੇ ਸੂਰਜਾਂ, ਤੂੰ ਨਵੀ ਕਿਰਨ ਬਖੇਰ।
ਮੁੱਕ ਜਾਵਣ ਲੋਕ ਮਨਾਂ ਚੋ ਦੂਈ ਈਰਖਾਂ ਵੈਰ।
ਸਭ ਧਰਮਾਂ ਦੇ ਲੋਕੀ ਪਿਆਰ ਖੁਸ਼ਬੋਈਆਂ ਵੰਡਣ,
ਸਿੱਖ ਮੰਦਰਾਂ ਵਿੱਚ ਜਾ ਕੇ ਮੰਗਣ ਸਭ ਦੀ ਖੈਰ।
ਹਿੰਦੂ ਗੁਰੂਦੁਆਰੇ ਆਵਣ, ਈਸ਼ਾ ਮੰਦਰਾਂ ਦੇ ਵਿੱਚ ਜਾਵਣ,
ਮੁਸਲਮ ਚਰਚ ਦੇ ਵਿੱਚ ਜਾ ਕੇ ਕਰਨ ਦੁਆਵਾਂ ਢੇਰ।
ਚਾਰੇ ਧਰਮ ਇਕੱਠੇ ਹੋ ਕੇ ਰਲ ਮਿਲ ਤਿਉਹਾਰ ਮਨਾਵਣ,
ਈਦ ਦੀਵਾਲੀ ਅਨੰਦਪੁਰ ਕ੍ਰਿਸਮਿਸ ਦਾ ਮੇਲਾ ਫੇਰ।
ਇੱਕੋ ਜਾਤ ਇਨਸਾਨ ਹੈ ਸਾਡੀ ਇੱਕੋ ਰਾਮ ਦੇ ਬੰਦੇ,
ਆਓ ਰਲ ਮਿਲ ਧਰਮ ਜੀ ਮੰਗੀਏ ਸਭਨਾਂ ਦੀ ਖੈਰ।
ਦੋ ਹਜ਼ਾਰ ਤੇਈ ਨੂੰ ਅਲਵਿਦਾ ਕਰ ਦੇਈਏ ਆਪਾਂ,
ਨਵੇ ਸਾਲ ਦੀਆਂ ਮੁਬਾਰਕਾਂ ਹੋਵਣ ਸਭ ਨੂੰ ਢੇਰ।।




## ਨਵਾਂ ਸਾਲ 2024 ਮੁਬਾਰਕ




ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਿੰਘ "ਲਾਂਬੜਾ"

ਦੋ ਹਜ਼ਾਰ ਤੇਈ ਜਾਂਦਾ ਜਾਂਦਾ ਦੂਰ ਹੋ ਗਿਆ।
ਦੋ ਹਜ਼ਾਰ ਚੌਵੀ ਆ ਬਰੂਹਾਂ 'ਤੇ ਖਲੋ ਗਿਆ।
ਚਾਵਾਂ ਤੇ ਉਮੰਗਾਂ ਦੀ ਉਡੀਕ ਉਦੋਂ ਮੁੱਕ ਗਈ,
ਦੋ ਹਜ਼ਾਰ ਤੇਈ ਦੀ ਤਾਰੀਕ ਜਦੋਂ ਲੁਕ ਗਈ
ਖਿੜੇ ਮੱਥੇ ਸਭ ਨੂੰ ਦੁਆਵਾਂ ਸ਼ੁੱਭ ਵੰਡੀਏ
ਸੁੱਖ-ਸਾਂਦ ਸਾਰਿਆਂ ਦੀ ਰੱਬ ਕੋਲੋਂ ਮੰਗੀਏ
ਦੌਰ ਇਹ ਚੁਣੌਤੀਆਂ ਦਾ ਅਜੇ ਨਹੀਓਂ ਮੁੱਕਿਆ
ਦੱਸਾਂ ਕੀ ਮੈਂ ਹਾਲ ? ਕਿਸੇ ਕੋਲੋਂ ਨਹੀਓਂ ਲੁਕਿਆ
ਨੌਜਵਾਨ ਧੀਆਂ-ਪੁੱਤ ਕਿੱਥੋਂ ਕਿੱਥੇ ਪੁੱਜ ਗਏ
ਏਥੇ ਰੁਜ਼ਗਾਰ ਨਾ, ਵਿਦੇਸ਼ਾਂ ਵੱਲ ਰੁਝ ਗਏ
ਖ਼ਤਰੇ 'ਚ ਧਰਤੀ ਬਚਾਉਣ ਵਾਲਾ ਕੌਣ ਏ ?
ਪਾਣੀ, ਪੇੜ, ਪਰਬਤ, ਸ਼ੁੱਧ ਨਹੀਓਂ ਪੌਣ ਏ
ਜੰਗ-ਯੁੱਧ ਰੁਕਦੇ ਨਾ ਲੋਕ ਜਾਣ ਮੁੱਕਦੇ
ਸਹਿਮ-ਸਹਿਮ ਸਭਨਾਂ ਦੇ ਸਾਹ ਜਾਂਦੇ ਸੁੱਕਦੇ
ਕਰ ਲਈ ਤਰੱਕੀ ਬਹੁਤ ਹੋਰ ਅਜੇ ਕਰਨੀ
ਘਾਟੇ ਵਾਲੀ ਭਰਪਾਈ ਦੱਸੋ ਕਿਥੋਂ ਭਰਨੀ
ਬਹੁਤੀਆਂ ਮੁਸੀਬਤਾਂ ਕਈ ਆਪ ਹੀ ਸਹੇੜਦੇ
'ਰੱਬ ਨੇ ਹੀ ਕੀਤਾ' ਵਾਲੇ ਸ਼ਬਦਾਂ ਨੂੰ ਗੇੜਦੇ
ਸੂਝਵਾਨ ਬਣੇ ਬੰਦਾ ਮੇਰਾ ਇਹ ਖ਼ਿਆਲ ਏ
ਮੁਕੱਦਰਾਂ ਦੇ ਨਾਲ ਹਰ ਆਉਂਦਾ ਨਵਾਂ ਸਾਲ ਏ
ਆਸਾਂ ਤੇ ਉਮੀਦਾਂ ਵਾਲਾ ਫਲ਼ ਮਿਲੇ ਸਭ ਨੂੰ

## ਚੜ੍ਹਿਆ ਹੈ ਅੱਜ ਸਾਲ ਨਵਾਂ




ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਮਿਟ ਜਾਵੇਗਾ ਕੂੜ-ਹਨੇਰਾ, ਚੜ੍ਹਿਆ ਹੈ ਅੱਜ ਸਾਲ ਨਵਾਂ।
ਛੱਡੀਏ ਕਹਿਣਾ ਮੇਰਾ-ਤੇਰਾ, ਚੜ੍ਹਿਆ ਹੈ ਅੱਜ ਸਾਲ ਨਵਾਂ।
ਧਰਤੀ ਹੋਵੇ ਹਰੀ-ਭਰੀ, ਤੇ ਵੱਢੀਏ ਜੜ੍ਹ ਪ੍ਰਦੂਸ਼ਣ ਦੀ
ਮਹਿਕੇ ਸਾਰਾ ਚਾਰ-ਚੁਫੇਰਾ, ਚੜ੍ਹਿਆ ਹੈ ਅੱਜ ਸਾਲ ਨਵਾਂ।
ਸ਼ਾਨ ਵਧਾਈਏ ਧੀਆਂ ਦੀ, ਤੇ ਕਰੀਏ ਨਾ ਕੁਕਰਮ ਕੋਈ
ਮਿਲੇਗਾ ਸਾਨੂੰ ਸੁੱਖ ਘਣੇਰਾ, ਚੜ੍ਹਿਆ ਹੈ ਅੱਜ ਸਾਲ ਨਵਾਂ।
ਪਾਜ ਉੱਧੜ ਗਏ ਭੇਖੀਆਂ ਦੇ,ਤੇ ਖੁੱਲ੍ਹੀ ਪੋਲ ਹੈ ਬਾਬਿਆਂ ਦੀ
ਆਉਣ ਵਾਲਾ ਹੈ ਸਮਾਂ ਚੰਗੇਰਾ,ਚੜ੍ਹਿਆ ਹੈ ਅੱਜ ਸਾਲ ਨਵਾਂ।
ਨਸ਼ਿਆਂ ਦੀ ਦਲਦਲ ਵਿੱਚ ਫਸ ਕੇ,ਕੰਚਨ ਦੇਹੀ ਗਾਲ ਲਈ
ਨੀਂਦ 'ਚੋਂ ਜਾਗ ਪੰਜਾਬੀ ਸ਼ੇਰਾ,ਚੜ੍ਹਿਆ ਹੈ ਅੱਜ ਸਾਲ ਨਵਾਂ।
ਖਿੱਝਣਾ ਛੱਡੀਏ ਬੀਤੇ ਕੱਲ੍ਹ ਤੇ, ਭਲਕ ਦੀ ਚਿੰਤਾ ਕਰੀਏ ਨਾ
ਵਰਤਮਾਨ ਹੈ ਸੁਹਜ-ਸਵੇਰਾ, ਚੜ੍ਹਿਆ ਹੈ ਅੱਜ ਸਾਲ ਨਵਾਂ।
ਬੀਤ ਗਏ ਦਿਨ ਕਾਲਖ ਵਾਲੇ, ਭਾਂਜ ਪਈ ਹੈ ਗ਼ਮੀਆਂ ਨੂੰ
ਖੁਸ਼ੀਆਂ ਨੇ ਹੁਣ ਲਾਇਆ ਡੇਰਾ, ਚੜ੍ਹਿਆ ਹੈ ਸਾਲ ਨਵਾਂ।
ਸ਼ੁਭ ਕਰਮਾਂ ਨੂੰ ਪੱਲੇ ਬੰਨ੍ਹੀਏ, ਮੂੰਹੋਂ ਬੋਲੀਏ ਬੋਲ ਮਿੱਠੇ
ਟੁੱਟ ਜਾਣਾ ਦੁਸ਼ਮਣ ਦਾ ਘੇਰਾ,ਚੜ੍ਹਿਆ ਹੈ ਸਾਲ ਨਵਾਂ।
ਇੱਕ ਦੂਜੇ ਨੂੰ ਗਲੇ ਲਗਾ ਕੇ, ਦਿਓ ਵਧਾਈ ਮਿਲ-ਜੁਲ ਕੇ
ਸਜਿਆ ਲਾਈਟਾਂ ਨਾਲ ਬਨੇਰਾ,ਚੜ੍ਹਿਆ ਹੈ ਅੱਜ ਸਾਲ ਨਵਾਂ।
ਸਰ ਕਰ ਲੈਣੀ ਮੰਜ਼ਿਲ ਆਪਾਂ,ਮਨ ਵਿਚ ਦ੍ਰਿੜ੍ਹ ਨਿਸ਼ਚਾ ਰੱਖੀਏ।

## ਨਵੇਂ ਸਾਲ ਨੂੰ




ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਐ ਨਵੇਂ ਸਾਲ, ਜੇ ਤੂੰ ਆ ਹੀ ਗਿਐਂ
ਤਾਂ ਕੁੱਝ ਕਰਕੇ ਵਿਖਾ।
ਪਿੱਛੇ ਵੱਲ ਜਾਂਦੇ ਦੇਸ਼ ਨੂੰ
ਤਰੱਕੀ ਦੀ ਪਟੜੀ ਤੇ ਚੜ੍ਹਾ।
ਰੁਜ਼ਗਾਰ ਲਈ ਕੋਈ ਬਾਹਰ ਨਾ ਜਾਵੇ
ਸਭ ਨੂੰ ਰੁਜ਼ਗਾਰ ਇੱਥੇ ਹੀ ਦੁਆ।
ਭੁੱਖਾ ਕੋਈ ਨਾ ਸੌਂਵੇ ਰਾਤ ਨੂੰ
ਸਭ ਨੂੰ ਦੋ ਡੰਗ ਦੀ ਰੋਟੀ ਦੁਆ।
ਸਰਹੱਦਾਂ ਤੇ ਨਾ ਹੋਵੇ ਕੋਈ ਲੜਾਈ
ਸਰਹੱਦਾਂ ਤੇ ਸ਼ਾਂਤੀ ਵਰਤਾ
ਇੱਕ ਦੂਜੇ ਨਾਲ ਝਗੜੇ ਨਾ ਕੋਈ
ਸਭ ਨੂੰ ਇੱਕ ਥਾਂ ਬਿਠਾ।
ਉਨ੍ਹਾਂ ਤੇ ਹੁੰਦੇ ਜ਼ੁਲਮ ਬਥੇਰੇ
ਦੱਬਿਆਂ, ਕੁਚਲਿਆਂ ਦੀ ਅਣਖ ਜਗਾ।
ਧੀਆਂ ਭੈਣਾਂ ਸਭ ਦੇ ਘਰ
ਦਰਿੰਦਿਆਂ ਤੋਂ ਉਨ੍ਹਾਂ ਨੂੰ ਬਚਾ।
ਇਹ ਦੇਸ਼ ਕੱਲਾ ਉਨ੍ਹਾਂ ਦਾ ਨਹੀਂ
ਸਭ ਦਾ ਸਾਂਝਾ ਆ।
ਗੱਦੀ ਦੇ ਭੁੱਖੇ ਨੇਤਾਵਾਂ ਦੇ ਖਾਨੇ 'ਚ
ਇਹ ਗੱਲ ਚੱਜ ਨਾਲ ਪਾ।
ਕਿਸਾਨਾਂ ਨੂੰ ਸਾਰੀਆਂ ਫਸਲਾਂ ਦਾ
ਘੱਟੋ ਘੱਟ ਸਮਰਥਨ ਮੁੱਲ ਦੁਆ।
ਫਸਲਾਂ ਦਾ ਘੱਟ ਮੁੱਲ ਮਿਲਣ ਕਰਕੇ
ਉਨ੍ਹਾਂ ਨੂੰ ਨਾ ਮੰਡੀਆਂ 'ਚ ਰੁਲਾ।
ਐ ਨਵੇਂ ਸਾਲ, ਜੇ ਤੂੰ ਆ ਹੀ ਗਿਐਂ,
ਤਾਂ ਕੁੱਝ ਕਰਕੇ ਵਿਖਾ।
ਕੁੱਝ ਕਰਕੇ ਵਿਖਾ।